# ਇਨਕਲਾਬੀ ਲੋਕ-ਨਾਇਕ ਦੀਆਂ ਯਾਦਾਂ

ਡਾ. ਪਰਮਜੀਤ ਸਿੰਘ ਢੀਂਗਰਾ

ਕੱਸਿਆ ਜਿਸਮ, ਅੱਖਾਂ ਵਿਚ ਬਲਦਾ ਰੋਹ, ਚਿਹਰੇ 'ਤੇ ਅਗਨੀ ਚਮਕ, ਹਵਾ ਵਿਚ ਲਹਿਰਾਂਦਾ ਹੱਥ, ਬੋਲਾਂ ਵਿਚ ਗੂੰਜਦੇ ਇਨਕਲਾਬੀ ਸੁਰ, ਇਹ ਪਛਾਣ ਚਿੰਨ੍ਹ ਹਨ- ਉਸ ਇਨਕਲਾਬੀ ਯੋਧੇ ਦੇ, ਜਿਸਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਲੋਕ-ਲਹਿਰ ਖੜ੍ਹੀ ਕੀਤੀ ਤੇ ਜਿਸ ਨੂੰ ਸਾਰੇ 'ਭਾਅ ਜੀ' ਕਹਿੰਦੇ ਹਨ। ਭਾਅ ਜੀ ਗੁਰਸ਼ਰਨ ਸਿੰਘ ਉਰਫ਼ ਭਾਈ ਮੰਨਾ ਸਿੰਘ ਉਰਫ਼ ਬਾਬਾ ਬੋਲਦਾ- ਇਕ ਅਜਿਹੀ ਸ਼ਕਤੀ ਦੇ ਪ੍ਰਤੀਕ ਹਨ ਜੋ ਲੋਕ-ਮੱਥਿਆਂ ਵਿਚ ਜਵਾਲਾ ਨਾਲ ਖੁਣੇ ਹੋਏ ਹਨ। ਇਸ ਮਰਜੀਵੜੇ ਨੇ ਆਪਣੀ ਸਾਰੀ ਜ਼ਿੰਦਗੀ ਲੋਕ-ਘੋਲਾਂ ਅਤੇ ਲੋਕ-ਲਹਿਰ ਨੂੰ ਪ੍ਰਣਾਈ ਲੋਕਾਈ ਤੋਂ ਵਾਰ ਦਿੱਤੀ।

ਭਾਅ ਗੁਰਸ਼ਰਨ ਸਿੰਘ ਦਾ ਜਨਮ 16 ਸਤੰਬਰ 1929 ਨੂੰ ਡਾ. ਗਿਆਨ ਸਿੰਘ ਦੇ ਘਰ ਮੁਲਤਾਨ (ਪਾਕਿਸਤਾਨ) ਵਿਚ ਹੋਇਆ। ਮੁੱਢਲੀ ਸਿੱਖਿਆ ਉਨ੍ਹਾਂ ਨੇ ਮੁਲਤਾਨ ਵਿਖੇ ਹੀ ਪ੍ਰਾਪਤ ਕੀਤੀ, ਜਿਥੇ ਪੰਜਾਬੀ ਅਤੇ ਉਰਦੂ ਦੋਵੇਂ ਜ਼ਬਾਨਾਂ ਸਿੱਖੀਆਂ। ਉਸ ਤੋਂ ਅਗਲੇਰੀ ਸਿੱਖਿਆ ਉਨ੍ਹਾਂ ਨੇ ਖਾਲਸਾ ਸਕੂਲ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਉਹ ਐਮ.ਐਸਸੀ. (ਆਨਰਜ਼) ਟੈਕਨੀਕਲ ਕੈਮਿਸਟਰੀ ਸਨ।

1951 ਵਿਚ ਪੜ੍ਹਾਈ ਖ਼ਤਮ ਕਰਨ ਉਪਰੰਤ ਉਨ੍ਹਾਂ ਨੇ ਭਾਖੜਾ ਨੰਗਲ ਵਿਖੇ ਸੀਮਿੰਟ ਦੀ ਲੈਬੋਰਟਰੀ ਵਿਚ ਨੌਕਰੀ ਪ੍ਰਾਪਤ ਕਰ ਲਈ। 1975 ਵਿਚ ਦੇਸ਼ ਵਿਚ ਲੱਗੀ ਐਮਰਜੈਂਸੀ ਭਾਰਤੀ ਇਤਿਹਾਸ ਦਾ ਸਿਆਹ ਦੌਰ ਸੀ। ਇਸ ਵਿਚ ਬੋਲਣ ਦੀ ਅਜ਼ਾਦੀ ਅਤੇ ਪ੍ਰੈਸ 'ਤੇ ਸੈਂਸਰਸ਼ਿਪ ਹੀ ਨਹੀਂ ਸੀ ਲਾ ਦਿੱਤੀ ਗਈ, ਸਗੋਂ ਜਮਹੂਰੀ ਹੱਕਾਂ ਦੀ ਆਵਾਜ਼ ਉਠਾਉਣ ਵਾਲੇ ਅਗਰਦੂਤਾਂ ਨੂੰ ਦਬਾਉਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਵੀ ਵਰਤੇ ਗਏ। ਪਰ ਅਜਿਹੇ ਲੋਕ-ਨਾਇਕਾਂ ਨੇ ਸਰਕਾਰ ਦੇ ਇਸ ਦਮਨ ਅੱਗੇ ਝੁਕਣ ਦੀ ਬਜਾਏ ਲੋਕ-ਆਵਾਜ਼ ਨੂੰ ਹੋਰ ਬੁਲੰਦ ਕਰਨ ਦਾ ਅਹਿਦ ਲੈ ਲਿਆ। ਭਾਅ ਜੀ ਕਿਉਂਕਿ ਇਨ੍ਹਾਂ ਵਿਚ ਮੋਹਰੀ ਸਨ ਇਸ ਲਈ ਉਨ੍ਹਾਂ ਨੂੰ 19 ਸਤੰਬਰ 1975 ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ। ਇਸ ਨਾਲ ਉਨ੍ਹਾਂ ਦੇ ਰੋਹ ਦੀ ਜਵਾਲਾ ਹੋਰ ਪ੍ਰਚੰਡ ਹੋ ਗਈ ਤੇ ਉਨ੍ਹਾਂ ਨੇ ਐਮਰਜੈਂਸੀ ਦੇ ਕਾਲੇ ਦੌਰ ਬਾਰੇ ਲੋਕਾਂ ਨੂੰ ਸੁਚੇਤ ਕਰਨ ਦਾ ਬੀੜਾ ਚੁੱਕ ਲਿਆ।

ਜਦੋਂ ਦੇਸ਼ ਅਤੇ ਲੋਕਾਂ ਵਿਚ ਐਮਰਜੈਂਸੀ ਪ੍ਰਤੀ ਰੋਹ ਪ੍ਰਚੰਡ ਹੋ ਗਿਆ ਤਾਂ ਹਾਕਮਾਂ ਨੂੰ ਸੁਰਤ ਆਉਣ ਲੱਗੀ। ਕਾਲੇ ਬੱਦਲ ਹੌਲੀ-ਹੌਲੀ ਛਟਣ ਲੱਗੇ। ਦੇਸ਼ ਵਿਚ ਜਮਹੂਰੀਅਤ ਦੀ ਬਹਾਲੀ ਲਈ ਆਵਾਜ਼ ਉੱਚੀ ਉਠਣ ਲੱਗੀ। ਜਦੋਂ 1977 ਵਿਚ ਪੰਜਾਬ ਵਿਚ ਨਵੀਂ ਸਰਕਾਰ ਬਣੀ ਤਾਂ ਉਨ੍ਹਾਂ ਨੂੰ ਮੁੜ ਪੁਰਾਣੀ ਨੌਕਰੀ 'ਤੇ ਬਹਾਲ ਕਰ ਦਿੱਤਾ ਗਿਆ। 1981 ਵਿਚ ਆਪ ਨੇ ਆਪਣੀ ਮਰਜ਼ੀ ਨਾਲ ਰਿਟਾਇਰਮੈਂਟ ਲੈ ਲਈ ਅਤੇ ਆਪਣੇ ਆਪ ਨੂੰ

ਲੋਕ-ਸਰਗਰਮੀਆਂ ਲਈ ਸਮਰਪਿਤ ਕਰ ਦਿੱਤਾ। ਇਹ ਉਨ੍ਹਾਂ ਦੀ ਬਹਾਦਰੀ ਅਤੇ ਲੋਕਾਂ ਨਾਲ ਪ੍ਰਤੀਬੱਧਤਾ ਸੀ ਕਿ ਉਨ੍ਹਾਂ ਨੇ ਆਪਣੀ ਕਲਾਸ ਵੱਨ ਤੇ ਸਹੂਲਤਾਂ ਨਾਲ ਭਰੀ ਨੌਕਰੀ ਦਾ ਤਿਆਗ ਕਰ ਦਿੱਤਾ। ਉਨ੍ਹਾਂ ਦਾ ਮੰਨਣਾ ਸੀ ਕਿ ਨੌਕਰੀ ਦੀਆਂ ਬੰਦਸ਼ਾਂ ਅਤੇ ਰੁਝੇਵਿਆਂ ਕਰਕੇ ਉਹ ਆਪਣੀ ਜ਼ਿੰਦਗੀ ਦੇ ਮਿਸ਼ਨ ਨੂੰ ਚੰਗੀ ਤਰ੍ਹਾਂ ਪੂਰਾ ਨਹੀਂ ਕਰ ਰਹੇ, ਇਸੇ ਕਰਕੇ ਉਨ੍ਹਾਂ ਨੇ ਬੰਦਸ਼ਾਂ ਭਰੀ ਨੌਕਰੀ ਦਾ ਤਿਆਗ ਕਰ ਦਿੱਤਾ।

ਨੌਵੀਂ ਜਮਾਤ ਵਿਚ ਪੜ੍ਹਦਿਆਂ ਉਨ੍ਹਾਂ ਦਾ ਸੰਬੰਧ ਕਮਿਊਨਿਸਟ ਪਾਰਟੀ ਨਾਲ ਜੁੜ ਗਿਆ ਤੇ ਉਹ ਕਾਰਡ ਹੋਲਡਰ ਬਣ ਗਏ। ਉਨ੍ਹਾਂ ਸਮਿਆਂ ਵਿਚ ਦੇਸ਼ ਵਿਚ ਬੜੀ ਹਲਚਲ ਸੀ। ਅਜ਼ਾਦੀ ਦੀ ਜੰਗ ਬੜੇ ਤਿੱਖੇ ਮੋੜ 'ਤੇ ਆ ਗਈ। ਰੂਸ ਦੇ ਇਨਕਲਾਬ ਨੇ ਅਗਾਂਹਵਧੂ ਸ਼ਕਤੀਆਂ ਵਿਚ ਅਜਿਹਾ ਜੋਸ਼ ਭਰ ਦਿੱਤਾ ਸੀ ਕਿ ਸੰਸਾਰ ਇਨਕਲਾਬ ਦਾ ਸੁਪਨਾ ਸਾਕਾਰ ਹੁੰਦਾ ਜਾਪ ਰਿਹਾ ਸੀ। ਵਿਸ਼ਵ ਪੱਧਰ 'ਤੇ ਵਧ ਰਹੇ ਇਨਕਲਾਬ ਦਾ ਸੁਪਨਾ ਸਾਕਾਰ ਹੁੰਦਾ ਜਾਪ ਰਿਹਾ ਸੀ। ਵਿਸ਼ਵ ਪੱਧਰ 'ਤੇ ਵਧ ਰਹੇ ਨਾਜ਼ੀਵਾਦ ਅਤੇ ਬਸਤੀਵਾਦ ਭਾਵਨਾ ਦਾ ਭਰਵਾਂ ਵਿਰੋਧ ਤੇ ਸੰਸਾਰ-ਅਮਨ ਦਾ ਹੋਕਾ ਨੇ ਉਨ੍ਹਾਂ ਤਾਕਤਾਂ ਦੇ ਵਿਰੋਧ ਲਈ ਵੱਡਾ ਹੁੰਗਾਰਾ ਭਰ ਰਿਹਾ ਸੀ ਕਿ ਜੇਕਰ ਇਕੱਠਿਆਂ ਹੋ ਕੇ ਮਨੁੱਖ-ਮਾਰੂ ਤਾਕਤਾਂ ਅਤੇ ਜੰਗਬਾਜ਼ਾਂ ਦਾ ਵਿਰੋਧ ਨਾ ਕੀਤਾ ਗਿਆ ਤਾਂ ਕੁੱਲ ਆਲਮ ਹਨੇਰੇ ਦੇ ਡੂੰਘੇ ਸਾਗਰਾਂ ਵਿਚ ਅਲੋਪ ਹੋ ਜਾਏਗਾ। ਅਜਿਹੇ ਹਾਲਤਾਂ ਵਿਚ ਭਾਅ ਜੀ ਨੇ ਮਾਰਕਸੀ ਫਲਸਫੇ ਨੂੰ ਆਤਮਸਾਤ ਕਰ ਲਿਆ ਤੇ ਉਨ੍ਹਾਂ ਨੂੰ ਸਮਝ ਆ ਗਈ ਕਿ ਸਮਾਜ ਵਿਚਲੇ ਵਿਤਕਰੇ, ਕਾਣੀ ਵੰਡ, ਵਰਗਾਂ ਵਿਚ ਵੰਡੀ ਲੋਕਾਈ, ਸੰਪਰਦਾਇਕਤਾ ਤੇ ਆਰਥਕ ਊਚ-ਨੀਚ ਪਿਛਲੇ ਕਰਮਾਂ ਦੀ ਖੇਡ ਨਹੀਂ, ਸਗੋਂ ਸਰਮਾਏਦਾਰੀ ਤਾਕਤਾਂ ਦੇ ਕਾਰੇ ਹਨ, ਜਿਨ੍ਹਾਂ ਨੇ ਲੋਕਾਂ ਨੂੰ ਪਾੜ ਕੇ ਲੋਕਾਈ ਵਿੱਚੋਂ ਲੋਕਤਾ ਦਾ ਬੀਜ ਨਾਸ ਕਰਨ ਲਈ ਕੋਈ ਕਸਰ ਨਹੀਂ ਛੱਡੀ। ਮੱਥੇ ਵਿਚ ਬੀਜੀ ਅਗਾਂਹਵਧੂ ਸੋਚ ਦੀ ਇਹ ਜਵਾਲਾ ਹੀ ਸੀ ਜੋ ਸਾਰੀ ਜ਼ਿੰਦਗੀ ਲੋਕਾਂ ਖਾਤਰ ਮਸ਼ਾਲ ਬਣ ਕੇ ਬਲਦੀ ਰਹੀ ਅਤੇ ਇਨਕਲਾਬ ਦੇ ਬੀਜ ਬੀਜਦੀ ਰਹੀ ਤਾਂ ਜੋ ਦੱਬੀ, ਕੁਚਲੀ, ਨਪੀੜੀ ਜਨਤਾ ਦੁੱਖਾਂ ਤੇ ਵਿਤਕਰਿਆਂ ਤੋਂ ਨਿਜਾਤ ਪਾ ਸਕੇ।

ਉਨ੍ਹਾਂ ਦੀ ਜ਼ਿੰਦਗੀ ਦਾ ਸੁਪਨਾ ਸੀ ਕਿ ਜਿਵੇਂ-ਜਿਵੇਂ ਭਾਰਤ ਵੱਖ-ਵੱਖ ਖੇਤਰਾਂ ਵਿਚ ਤਰੱਕੀ ਕਰ ਰਿਹਾ ਹੈ ਤਿਵੇਂ-ਤਿਵੇਂ ਲੋਕਾਂ ਦੀ ਜ਼ਿੰਦਗੀ ਵਿਚ ਵੀ ਤਰੱਕੀ ਹੋਵੇ। ਜਦੋਂ ਭਾਖੜਾ ਡੈਮ ਉਸਰ ਰਿਹਾ ਸੀ ਤਾਂ ਉਹ ਭਾਖੜੇ ਵਿਖੇ ਹੀ ਨੌਕਰੀ ਕਰ ਰਹੇ ਸਨ। ਇਹ ਸੰਸਾਰ ਦਾ ਇਕ ਬਹੁਤ ਵੱਡਾ ਡੈਮ ਸੀ। ਚਾਰੇ ਪਾਸੇ ਇਸ ਦੀ ਵਿਸ਼ਾਲਤਾ ਅਤੇ ਨਵੇਂ ਭਾਰਤ ਵਿਚ ਇਸ ਦੇ ਯੋਗਦਾਨ ਦੇ ਚਰਚੇ ਛਿੜੇ ਹੋਏ ਸਨ। ਪੰਡਿਤ ਨਹਿਰੂ ਨੇ ਤਾਂ ਇਸ ਨੂੰ ਅਜ਼ਾਦ ਭਾਰਤ ਦਾ ਇਕ ਵੱਡਾ ਸੁਪਨਾ ਸਾਕਾਰ ਹੋਣ ਦੀ ਉਪਾਧੀ ਦਿੱਤੀ ਸੀ। ਪਰ ਇਸ ਦੇ ਪਿੱਛੇ ਕਾਰਜਸ਼ੀਲ ਹਜ਼ਾਰਾਂ ਮਜ਼ਦੂਰਾਂ ਦਾ ਖ਼ੂਨ-ਪਸੀਨਾ ਵਗ ਰਿਹਾ ਸੀ। ਮਜ਼ਦੂਰ ਵਰਗ ਦੀ ਲੁੱਟ ਤਾਂ ਭਾਰਤ ਵਿਚ ਅਜ਼ਾਦੀ ਪ੍ਰਾਪਤੀ ਤੋਂ ਵੀ ਪਹਿਲਾਂ ਹੋ ਰਹੀ ਸੀ ਪਰ ਅਜ਼ਾਦੀ ਪ੍ਰਾਪਤੀ ਤੋਂ ਬਾਅਦ ਇਸ ਲੁੱਟ ਨੇ ਵੀ ਨਵਾਂ ਰੂਪ ਧਾਰ ਲਿਆ। ਦੇਸ਼ ਵਿਚ ਅਨਪੜ੍ਹਤਾ ਅਤੇ ਜਾਗ੍ਰਤੀ ਦੀ ਘਾਟ ਦੀ ਸਮੱਸਿਆ ਬਹੁਤ ਵੱਡੀ ਸੀ। ਇਥੇ ਰਹਿੰਦਿਆਂ ਭਾਅ ਜੀ ਦੀ ਸੋਚ ਸੀ ਕਿ ਜਿਥੇ ਇਹ ਡੈਮ ਦਰਿਆਵਾਂ ਦਾ ਰੁਖ਼ ਬਦਲ ਕੇ ਸ਼ਕਤੀ ਦੇ ਪ੍ਰਤੀਕ ਬਣ ਰਹੇ ਹਨ, ਓਥੇ ਸਾਡਾ ਸਮਾਜ ਓਥੇ ਦਾ ਓਥੇ ਖੜ੍ਹਾ ਹੈ, ਇਹਦੇ ਵਿਚ ਕੋਈ ਤਬਦੀਲੀ ਨਹੀਂ

ਆਈ। ਉਦੋਂ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਹਿੰਦੋਸਤਾਨ ਭਾਵੇਂ ਕਿੰਨੀ ਵੀ ਤਰੱਕੀ ਕਿਉਂ ਨਾ ਕਰ ਜਾਵੇ ਜਿੰਨਾ ਚਿਰ ਇਹਦੇ ਵਿਚ ਸਮਾਜਕ ਤਬਦੀਲੀ ਨਹੀਂ ਆਉਂਦੀ, ਉਨਾ ਚਿਰ ਤੱਕ ਲੋਕਾਂ ਨੂੰ ਸਾਇੰਸ ਦਾ ਕੋਈ ਫਾਇਦਾ ਨਹੀਂ ਪਹੁੰਚਣਾ।

ਇਸੇ ਦੌਰਾਨ ਉਨ੍ਹਾਂ ਦੀ ਜ਼ਿੰਦਗੀ ਵਿਚ ਇਕ ਛੋਟੀ ਜਿਹੀ ਘਟਨਾ ਵਾਪਰੀ। ਭਾਖੜਾ ਵਿਖੇ ਲੋਹੜੀ ਦਾ ਤਿਓਹਾਰ ਮਨਾਇਆ ਜਾ ਰਿਹਾ ਸੀ। ਓਥੇ ਚੌਵੀ ਘੰਟੇ ਕੰਮ ਚੱਲਦਾ ਸੀ। ਕੋਈ ਛੁੱਟੀ ਨਹੀਂ ਸੀ ਹੁੰਦੀ। ਮਜ਼ਦੂਰਾਂ ਨੇ ਕਿਹਾ ਕਿ ਅਗਲੇ ਦਿਨ 8–12 ਵਾਲੀ ਸ਼ਿਫ਼ਟ ਵਿਚ ਜ਼ਰੂਰੀ ਕੰਮ ਚਲਾਏ ਜਾਣ ਅਤੇ ਬਾਕੀ ਛੁੱਟੀ ਕਰ ਦਿੱਤੇ ਜਾਵੇ। ਪਰ ਮੈਨੇਜਮੈਂਟ ਨੇ ਇਹ ਗੱਲ ਨਾ ਮੰਨੀ। ਨਤੀਜੇ ਵਜੋਂ ਓਥੇ ਬਹੁਤ ਵੱਡੀ ਹੜਤਾਲ ਹੋਈ। ਇਹ ਗੱਲ 1954 ਦੀ ਹੈ। ਹੜਤਾਲ ਨਾਲ ਮਜ਼ਦੂਰਾਂ ਦੀ ਜ਼ਿੰਦਗੀ ਵਿਚ ਕੀ ਫ਼ਰਕ ਪੈਂਦਾ ਹੈ ਅਤੇ ਮੈਨੇਜਮੈਂਟ ਤੇ ਸਰਕਾਰ ਇਸ ਨੂੰ ਕਿਸ ਤਰ੍ਹਾਂ ਲੈਂਦੀਆਂ ਹਨ– ਇਸ ਸਬੰਧ ਵਿਚ ਉਨ੍ਹਾਂ ਨੇ ਇਕ ਛੋਟਾ ਜਿਹਾ ਨਾਟਕ 'ਲੋਹੜੀ ਦੀ ਹੜਤਾਲ' ਲਿਖਿਆ। ਇਸ ਨਾਟਕ ਨੂੰ ਉਥੋਂ ਦੀ 'ਲੇਬਰ ਕਲੱਬ' ਦੇ ਕਲਾਕਾਰਾਂ ਨੇ ਪੇਸ਼ ਕੀਤਾ। ਇਸ ਨਾਟਕ ਦੀ ਪੇਸ਼ਕਾਰੀ ਨੇ ਹਜ਼ਾਰਾਂ ਬੱਚਿਆਂ, ਔਰਤਾਂ ਅਤੇ ਪੁਰਸ਼ਾਂ ਨੂੰ ਪ੍ਰਭਾਵਤ ਕੀਤਾ। ਭਾਅ ਜੀ ਨੇ ਨੋਟ ਕੀਤਾ ਕਿ ਨਾਟਕ ਰਾਹੀਂ ਲੋਕਾਂ ਤੱਕ ਵਧੀਆ ਤਰੀਕੇ ਨਾਲ ਆਪਣਾ ਸੰਦੇਸ਼ ਵੀ ਪੁਚਾਇਆ ਜਾ ਸਕਦਾ ਹੈ ਤੇ ਲੋਕਾਂ ਨੂੰ ਜਾਗ੍ਰਿਤ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਕੋਲ ਮਾਰਕਸੀ ਫ਼ਲਸਫ਼ੇ ਦਾ ਗਿਆਨ ਤੇ ਵਿਗਿਆਨਕ ਸੂਝ ਤਾਂ ਪਹਿਲੇ ਹੀ ਸੀ। ਇਸੇ ਤੋਂ ਉਨ੍ਹਾਂ ਦਾ ਵਿਚਾਰ ਬਣਿਆ ਕਿ – ਜੇ ਅਸੀਂ ਆਪਣੀ ਜ਼ਿੰਦਗੀ ਨੂੰ ਬਦਲਣਾ ਹੈ, ਪੈਦਾਵਾਰੀ ਸਾਧਨ ਬਦਲਣੇ ਹਨ, ਪ੍ਰਾਪਤੀਆਂ ਆਮ ਜਨਤਾ ਤੱਕ ਪੁੱਜਦੀਆਂ ਕਰਨੀਆਂ ਹਨ ਤਾਂ ਇਹਦੇ ਲਈ ਸਮਾਜਕ ਚੇਤਨਾ ਜ਼ਰੂਰੀ ਹੈ ਤੇ ਸਮਾਜਕ ਚੇਤਨਾ ਲਈ ਨਾਟਕ ਸਭ ਤੋਂ ਵੱਧ ਕਾਰਗਰ ਸਾਧਨ ਹੋ ਸਕਦਾ ਹੈ।

ਭਾਅ ਜੀ ਦੁਆਰਾ ਲਿਖੇ ਨਾਟਕ ਅਤੇ ਕੀਤੇ ਕੰਮ ਸਾਰੇ ਹੀ ਇਨਕਲਾਬੀ ਸਪਿਰਟ ਨਾਲ ਭਰੇ ਪਏ ਹਨ। ਉਨ੍ਹਾਂ ਨੇ ਲੋਕ–ਅਸਰ ਤੋਂ ਹੀ ਨਾਟਕ ਵਰਗੀ ਕਲਾ ਦੀ ਨਬਜ਼ ਪਛਾਣ ਲਈ ਕਿ ਇਹ ਕਿਵੇਂ ਲੋਕਾਂ 'ਤੇ ਜਾਦੂ ਵਰਗਾ ਅਸਰ ਕਰਦੀ ਹੈ। ਉਨ੍ਹਾਂ ਨੇ ਬਿਨਾਂ ਸਟੇਜ, ਰਿਹਰਸਲ, ਲਾਈਟਾਂ, ਕਾਸਟਿਊਮਜ਼ ਅਤੇ ਮਿਊਜ਼ਕ ਦੇ ਨੁੱਕੜ ਨਾਟਕਾਂ ਦੀ ਅਜਿਹੀ ਵਿਧਾ ਤੇ ਪੇਸ਼ਕਾਰੀ ਦੀ ਨੀਂਹ ਰੱਖੀ, ਜਿਸ ਦੀ ਅੱਜ ਵੱਖਰੀ ਹੋਂਦ ਅਤੇ ਪਛਾਣ ਹੈ। ਉਨ੍ਹਾਂ ਨੇ ਇਸ ਪ੍ਰਾਚੀਨ ਕਲਾ ਨੂੰ ਲੋਕ–ਕਲਾ ਵਿਚ ਢਾਲ ਕੇ ਉਨ੍ਹਾਂ ਅਨਪੜ੍ਹ, ਪੇਂਡੂ ਅਤੇ ਪੜ੍ਹੇ–ਲਿਖੇ ਲੋਕਾਂ ਨੂੰ ਦੱਸਿਆ ਕਿ ਸਰਮਾਏਦਾਰੀ ਤਾਕਤਾਂ ਕਿਵੇਂ ਕਿਰਤ ਦੀ ਲੁੱਟ ਕਰਦੀਆਂ ਹਨ ਤੇ ਉਨ੍ਹਾਂ ਦੇ ਦੁੱਖਾਂ–ਤਕਲੀਫਾਂ ਨੂੰ ਦੂਣ–ਸਵਾਇਆ ਕਰਦੀਆਂ ਹਨ। ਏਨਾ ਹੀ ਕਾਫ਼ੀ ਨਹੀਂ ਉਨ੍ਹਾਂ ਨੇ ਇਹ ਪੈਗ਼ਾਮ ਵੀ ਦਿੱਤੇ ਕਿ ਇਹ ਲੁੱਟ ਕੇਵਲ ਆਰਥਕ, ਸਮਾਜਕ ਤੇ ਹੋਰ ਮਨੁੱਖੀ ਸੇਵਾਵਾਂ ਦੀ ਹੀ ਨਹੀਂ ਹੁੰਦੀ ਸਗੋਂ ਬੌਧਿਕ ਤੌਰ 'ਤੇ ਵੀ ਹੁੰਦੀ ਹੈ, ਜਿਥੇ ਮਨੁੱਖ ਨੂੰ ਵਹਿਮਾਂ–ਭਰਮਾਂ, ਅਧਿਆਤਮਕ ਕਰਮ–ਕਾਂਡਾਂ, ਜਨਮਾਂ ਦੇ ਗੇੜ ਵਿਚ ਪਾ ਕੇ ਉਨ੍ਹਾਂ ਦੀ ਵੰਗਾਰਨ ਦੀ ਸ਼ਕਤੀ ਨੂੰ ਖੁੰਡਿਆਂ ਕੀਤਾ ਜਾਂਦਾ ਹੈ। ਉਨ੍ਹਾਂ ਲਈ ਇਨਕਲਾਬੀ ਅਮਲ ਉਸਾਰਨ ਦੀ ਬਜਾਏ ਸਿੱਖਿਆ ਨੂੰ ਤਰਕ ਵਿਹੂਣੇ ਤੇ ਸੰਪਰਦਾਇਕ ਤਰੀਕਿਆਂ ਵਿਚ ਢਾਲ ਕੇ ਲੋਕਾਂ ਨੂੰ ਵਰਗਾਂ, ਧਰਮਾਂ, ਊਚ–ਨੀਚ ਵਿਚ ਵੰਡਣ ਦਾ ਉਪਰਾਲਾ ਕੀਤਾ ਜਾਂਦਾ ਹੈ। ਇਸੇ ਕਰਕੇ ਨਾਟਕਾਂ ਰਾਹੀਂ ਉਨ੍ਹਾਂ ਨੇ ਲੋਕ–ਲਹਿਰ ਖੜ੍ਹੀ ਕਰਨ ਦਾ ਉਪਰਾਲਾ ਕੀਤਾ।

ਲੋਕਾਂ ਵਿਚ ਭਾਅ ਜੀ ਦਾ ਏਨਾ ਸਤਿਕਾਰ ਸੀ ਕਿ ਉਨ੍ਹਾਂ ਇਸ ਬਾਰੇ ਇਕ ਘਟਨਾ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸਰਕਾਰੀ ਅਫਸਰ ਹੋਣ ਦੀ ਹੈਸੀਅਤ ਕਾਰਨ ਉਨ੍ਹਾਂ ਵਿਚ ਸਵੈ-ਵਿਸ਼ਵਾਸ ਸੀ ਕਿ ਉਹ ਆਪਣੇ ਕੰਮ ਵਿਚ ਮਾਹਰ ਹਨ। ਇਕ ਵਿਗਿਆਨੀ ਹੋਣ ਦੀ ਹੈਸੀਅਤ ਵਿਚ ਸਾਰੇ ਉਨ੍ਹਾਂ ਦੇ ਕੰਮ ਦੀ ਕਦਰ ਕਰਦੇ ਹਨ। ਭਾਖੜਾ ਨੰਗਲ ਵਿਖੇ ਹੀ ਇਕ ਵਾਰ ਇਕ ਹਾਦਸਾ ਵਾਪਰ ਗਿਆ, ਜਿਸ ਦੇ ਸਿੱਟੇ ਵਜੋਂ ਬਹੁਤ ਸਾਰੇ ਮਜ਼ਦੂਰ ਹਸਪਤਾਲ ਪਹੁੰਚ ਗਏ। ਬਹੁਤ ਸਾਰੇ ਯੂਨਿਟ ਖ਼ੂਨ ਦੀ ਲੋੜ ਸੀ। ਓਥੋਂ ਦਾ ਜਨਰਲ ਮੈਨੇਜਰ ਦੋ ਵਾਰ ਕਾਰ ਲੈ ਕੇ ਘਰ ਆਇਆ ਤੇ ਭਾਅ ਜੀ ਨੂੰ ਕਹਿਣ ਲੱਗਾ ਕਿ ਇਕ ਤੁਸੀਂ ਹੀ ਹੋ ਜੋ ਖ਼ੂਨ ਦੇਣ ਲਈ ਲੋਕਾਂ ਨੂੰ ਪ੍ਰੇਰ ਸਕਦੇ ਹੋ, ਤੁਸੀਂ ਹੀ ਹੋ ਜੋ ਸੌ ਬੰਦਿਆਂ ਨੂੰ ਲਿਆ ਸਕਦੇ ਹੋ ਜੋ ਖ਼ੂਨ ਦੇ ਸਕਣ। ਤੇ ਭਾਅ ਜੀ ਨੇ ਕੁਝ ਮਜ਼ਦੂਰਾਂ ਨੂੰ ਨਾਲ ਲੈ ਕੇ ਘਰ-ਘਰ ਜਾ ਦਰਵਾਜ਼ੇ ਖੜਕਾਏ ਤੇ ਲੋਕਾਂ ਨੂੰ ਖ਼ੂਨ ਦੇਣ ਲਈ ਨਾਲ ਲੈਂਦੇ ਗਏ। ਦੋ ਘੰਟਿਆਂ ਵਿਚ ਉਨ੍ਹਾਂ ਨੇ 300 ਬੰਦਿਆਂ ਦੀ ਕਤਾਰ ਲਵਾ ਦਿੱਤੀ। ਇਹ ਸੀ ਉਸ ਮਹਾਨ ਮਨੁੱਖ ਦੀ ਸਮਾਜਕ ਛਵੀ ਜੋ ਨਿਰਸੁਆਰਥ ਅਤੇ ਲੋਕ-ਭਲਾਈ ਨਾਲ ਸਰਸ਼ਾਰ ਸੀ।

1962 ਵਿਚ ਉਨ੍ਹਾਂ ਦੀ ਬਦਲੀ ਭਾਖੜੇ ਤੋਂ ਅੰਮ੍ਰਿਤਸਰ ਕਰ ਦਿੱਤੀ ਗਈ। ਏਥੇ ਉਨ੍ਹਾਂ ਨੇ ਭਰਵਾਂ ਸਮਾਂ ਗੁਜ਼ਾਰਿਆ ਅਤੇ ਇਥੇ ਹੀ 1962 ਵਿਚ ਭਾਰਤ-ਚੀਨ ਯੁੱਧ ਸਮੇਂ ਉਨ੍ਹਾਂ ਨੇ ਫੰਡ ਇਕੱਠਾ ਕੀਤਾ। 1964 ਵਿਚ ਏਥੇ ਹੀ ਉਨ੍ਹਾਂ ਨੇ ਕੁਝ ਦੋਸਤਾਂ ਨਾਲ ਰਲ ਕੇ 'ਅੰਮ੍ਰਿਤਸਰ ਨਾਟਕ ਕਲਾ ਕੇਂਦਰ' ਦੀ ਨੀਂਹ ਰੱਖੀ। ਉਦੋਂ ਪੰਜਾਬ ਵਿਚ ਸਰਕਾਰੀ ਤੌਰ 'ਤੇ ਪਬਲਿਕ ਰਿਲੇਸ਼ਨਜ਼ ਦੇ ਪ੍ਰੋਗਰਾਮ, ਜਿਨ੍ਹਾਂ ਨੂੰ ਉਹ ਸਭਿਆਚਾਰਕ ਪ੍ਰੋਗਰਾਮ ਕਹਿੰਦੇ ਸਨ, ਵਧੇਰੇ ਕਰਕੇ ਤੂੰਬੀ ਤੱਕ ਸੀਮਤ ਸਨ। ਅੱਜ ਵੀ ਸਭਿਆਚਾਰਕ ਪ੍ਰੋਗਰਾਮਾਂ ਦਾ ਮਿਆਰ ਕੋਈ ਬਹੁਤਾ ਉੱਚਾ ਨਹੀਂ। ਉਦੋਂ ਭਾਅ ਜੀ ਕੋਲ ਇਹ ਸੋਚ ਵੀ ਸੀ ਕਿ ਜੇਕਰ ਲੋਕ-ਲਹਿਰ ਖੜ੍ਹੀ ਕਰਨੀ ਹੈ, ਸੰਘਰਸ਼ ਲਈ ਲੋਕਾਂ ਨੂੰ ਵੰਗਾਰਨਾ ਹੈ, ਇਨਕਲਾਬ ਲਈ ਲਲਕਾਰਨਾ ਹੈ ਤਾਂ ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਸਭਿਆਚਾਰ ਨਾਲ ਵੀ ਜੋੜਿਆ ਜਾਵੇ। ਸਭਿਆਚਾਰ ਵਿਚ ਇਕ ਧਿਰ ਧਾਰਮਿਕਤਾ ਦੀ ਵੀ ਹੈ ਜੋ ਲੋਕਾਂ 'ਤੇ ਬੜਾ ਪ੍ਰਭਾਵ ਰੱਖਦੀ ਹੈ। ਭਾਵੇਂ ਭਾਅ ਜੀ ਰੱਬ ਅਤੇ ਅਧਿਆਤਮਕਤਾ ਵਿਚ ਯਕੀਨ ਨਹੀਂ ਸਨ ਰੱਖਦੇ ਸਗੋਂ ਉਨ੍ਹਾਂ ਦਾ ਯਕੀਨ ਭੌਤਿਕ ਯਥਾਰਥਵਾਦ 'ਤੇ ਦ੍ਰਿੜ੍ਹ ਸੀ ਪਰ ਇਸਦੇ ਬਾਵਜੂਦ ਉਨ੍ਹਾਂ ਨੇ ਧਾਰਮਿਕ, ਇਤਿਹਾਸਕ ਤੇ ਸਭਿਆਚਾਰਕ ਪਿੜ ਵਿੱਚੋਂ ਤਰਕਸ਼ੀਲ ਘਟਨਾਵਾਂ ਨਾਲ ਜੁੜੇ ਨਾਟਕਾਂ ਦੀ ਚੋਣ ਵੀ ਕੀਤੀ ਅਤੇ ਲਿਖੇ ਵੀ। ਇੰਜ ਉਨ੍ਹਾਂ ਤੋਂ ਲੋਕਾਂ ਨੂੰ ਸੰਘਰਸ਼ ਦਾ ਸੱਦਾ ਦੇ ਕੇ ਚੇਤੰਨ ਕੀਤਾ।

ਉਨ੍ਹਾਂ ਦੇ ਉਸ ਵੇਲੇ ਦੇ ਸਾਥੀਆਂ ਵਿਚ ਪ੍ਰਸਿੱਧ ਨਾਟਕਕਾਰ ਗੁਰਦਿਆਲ ਸਿੰਘ 'ਫੁੱਲ' ਤੇ ਤੇਜਾ ਸਿੰਘ ਆਦਿ ਲੋਕ ਸਨ। ਉਨ੍ਹਾਂ ਅਨੁਸਾਰ ਇਨ੍ਹਾਂ ਨਾਟਕਾਂ ਦਾ ਉਦੇਸ਼ ਅਗਾਂਹਵਧੂ ਸੀ ਤੇ ਇੰਜ 'ਅੰਮ੍ਰਿਤਸਰ ਨਾਟਕ ਕਲਾ ਕੇਂਦਰ' ਦੀਆਂ ਗਤੀਵਿਧੀਆਂ ਚੱਲਦੀਆਂ ਰਹੀਆਂ। 1964 ਤੋਂ 1971 ਤਕ ਇਸ ਕੇਂਦਰ ਨੇ ਜੋ ਕੰਮ ਕੀਤਾ ਉਸ ਕਾਰਨ ਸਰਕਾਰ ਨਾਲ ਕਿਸੇ ਕਿਸਮ ਦਾ ਟਕਰਾਓ ਨਹੀਂ ਵਾਪਰਿਆ। ਇਸ ਸਮੇਂ ਦੌਰਾਨ ਉਨ੍ਹਾਂ ਨੇ ਮੈਕਸਿਮ ਗੋਰਕੀ ਦੇ ਪ੍ਰਸਿੱਧ ਨਾਵਲ 'ਮਾਂ' 'ਤੇ ਆਧਾਰਤ ਨਾਟਕ ਖੇਡਿਆ। ਉਨ੍ਹਾਂ ਨਾਲ ਜੁੜੇ ਬਹੁਤੇ ਸਾਥੀਆਂ ਅਤੇ ਰੰਗਕਰਮੀਆਂ ਦੀ ਪ੍ਰਤੀਬੱਧਤਾ ਖੱਬੇ-ਪੱਖੀਆਂ ਨਾਲ ਸੀ। ਉਹ ਸਰਕਾਰ ਦੇ ਖ਼ਿਲਾਫ਼

ਸਨ ਪਰ ਇਸਦੇ ਬਾਵਜੂਦ ਕੋਈ ਰੁਕਾਵਟ ਨਹੀਂ ਆਈ। ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਸ਼ਤਾਬਦੀ ਦੇ ਮੌਕੇ ਉਨ੍ਹਾਂ ਨੇ ਪ੍ਰੋਫੈਸਰ ਫੁੱਲ ਦਾ ਨਾਟਕ 'ਜਿਨ ਸਚਿ ਪਲੈ ਹੋਇ' ਖੇਡਿਆ। ਇਸ ਵਿਚ ਸਮਾਜ ਸਿੱਖਿਆ ਸੀ। ਇਸ ਲਈ ਸਰਕਾਰ ਨੇ ਕੋਈ ਦਖ਼ਲ ਨਹੀਂ ਦਿੱਤਾ। ਸਗੋਂ ਸਮੇਂ ਦੀ ਸਰਕਾਰ ਨੇ ਇਸ ਨਾਟਕ ਨੂੰ ਉਤਸ਼ਾਹਤ ਕੀਤਾ। ਆਪਣੇ ਸਾਥੀਆਂ ਅਤੇ ਨਾਟਕ ਅਨੁਭਵ ਬਾਰੇ ਉਨ੍ਹਾਂ ਦਾ ਕਥਨ ਹੈ—

> "ਮੇਰੀ ਕਨਫਲਿਕਟ ਇਹ ਸੀ ਕਿ ਮੈਂ ਸਰਕਾਰੀ ਨੌਕਰੀ ਕਰ ਰਿਹਾ ਸਾਂ ਅਤੇ ਡਰਾਮੇ ਰਾਹੀਂ ਲੋਕਾਂ ਨੂੰ ਚੇਤੰਨ ਕਰ ਰਿਹਾ ਸਾਂ। ਲੋਕਾਂ ਵਿਚ ਜਾਣ ਦਾ ਤਜ਼ਰਬਾ ਮੈਨੂੰ ਇਸ ਨਾਟਕ ਨੇ ਹੀ ਦਿੱਤਾ। ਮੈਂ ਸੋਚਿਆ, ਸ਼ਹਿਰਾਂ ਵਿਚ ਅਸੀਂ ਲੋਕਾਂ ਨੂੰ ਸੱਦੇ ਦਿੰਦੇ ਹਾਂ, ਫੇਰ ਵੀ ਲੋਕ ਬੜੇ ਭਾਰਾਂ 'ਤੇ ਪੈਂਦੇ ਨੇ, ਕੁਰਸੀਆਂ ਲੱਭਦੇ ਨੇ ਤੇ ਇਹ ਪਿੰਡਾਂ ਦੇ ਦਰਸ਼ਕ ਨੇ, ਜੋ ਅਜੇ ਤੱਕ ਰੜੇ ਮੈਦਾਨਾਂ ਵਿਚ, ਖੇਤਾਂ ਵਿਚ, ਸਰਦੀਆਂ ਦੇ ਮੌਸਮ ਵਿਚ ਵੀ ਬੁੱਕਲਾਂ ਮਾਰੀ ਬੈਠੇ ਰਹਿੰਦੇ ਨੇ। ਮੈਂ ਇਨ੍ਹਾਂ ਲੋਕਾਂ ਵਿਚ ਕਿਉਂ ਨਾ ਜਾਵਾਂ? ਮੈਨੂੰ ਇਹ ਅਹਿਸਾਸ 1969–70 ਵਿਚ ਹੋਇਆ। ਜਿਹੜੇ ਲੋਕਾਂ ਨੂੰ ਮੈਂ ਸੁਨੇਹਾ ਦੇਣਾ ਹੈ, ਮੈਂ ਉਨ੍ਹਾਂ ਨੂੰ ਕਿਉਂ ਨਾ ਦੇਵਾਂ? ਨਾਟਕ ਕਲਾ ਕੇਂਦਰ ਦੀ ਜਿਹੜੀ ਵੀ ਮੈਂ ਸਰਗਰਮੀ ਕੀਤੀ ਉਹ ਹਮੇਸ਼ਾਂ ਘਾਟੇ ਵਿਚ ਰਹੀ। ਮੈਂ ਸਮਝਦਾ ਹਾਂ ਕਿ ਮੇਰਾ ਬਹੁਤ ਕੁਝ ਲੱਗਿਆ ਹੈ ਉਹਦੇ ਵਿਚ। ਕਾਫੀ ਕਰਜ਼ਾ ਵੀ ਹੋ ਗਿਆ ਸੀ। ਮੈਂ 1969 ਵਿਚ ਪਿੰਡਾਂ ਵਿਚ ਗਿਆ ਤਾਂ ਸਰਗਰਮੀ ਵੀ ਵਧ ਗਈ। 1969–70 ਤੋਂ ਬਾਅਦ ਨਕਸਲਵਾੜੀ ਲਹਿਰ ਦੇ ਪੰਜਾਬ ਵਿਚ ਆਉਣ ਨਾਲ ਮੈਂ ਭਾਵੁਕ ਤੌਰ 'ਤੇ ਇਹਦਾ ਪ੍ਰਭਾਵ ਕਬੂਲਿਆ। 1971 ਵਿਚ ਇਕ ਹੋਰ ਘਟਨਾ ਵਾਪਰ ਗਈ। ਮੇਰੇ ਦਫ਼ਤਰ ਵਿੱਚੋਂ ਅਮਰਜੀਤ ਚੰਦਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਦੋਂ ਹੀ ਮੇਰੀ ਗ੍ਰਿਫ਼ਤਾਰੀ ਦੇ ਵਰੰਟ ਜਾਰੀ ਹੋਏ। ਮੇਰੀ ਕਮਿਟਮੈਂਟ ਨਕਸਲੀ ਲਹਿਰ ਨਾਲ ਪੂਰੀ ਤਰ੍ਹਾਂ ਰਹੀ। ਮੈਂ ਕਹਿੰਦਾ ਸਾਂ ਕਿ ਜੇ ਮੈਂ ਸਰਕਾਰੀ ਨੌਕਰੀ ਕਰ ਰਿਹਾ ਹਾਂ, ਉਹ ਆਪਣੇ ਟੈਕਨੀਕਲ ਗਿਆਨ ਕਰਕੇ ਕਰ ਰਿਹਾ ਹਾਂ ਪਰ ਮੇਰੀ ਕੋਈ ਸਮਾਜਕ ਚੇਤਨਾ ਵੀ ਹੈ ਤੇ ਉਹ ਤਹਾਡੇ ਨਾਲ ਟਕਰਾਉਂਦੀ ਹੈ। ਸਰਕਾਰ ਨਾਲ ਮੇਰੀ ਪਹਿਲੀ ਟੱਕਰ ਨਾਟਕ ਦੇ ਖੇਤਰ ਵਿਚ 1975 ਵਿਚ ਐਮਰਜੈਂਸੀ ਦੌਰਾਨ ਹੋਈ। ਜਦੋਂ ਐਮਰਜੈਂਸੀ ਲੱਗੀ ਤਾਂ ਮੈਨੂੰ ਇਸ ਗੱਲ ਦੀ ਬੜੀ ਸਖ਼ਤ ਤਕਲੀਫ਼ ਹੋਈ। ਮੈਂ ਇਕ ਨਾਟਕ 13 ਸਤੰਬਰ 1975 ਨੂੰ ਖੇਡਿਆ। ਐਮਰਜੈਂਸੀ ਕਾਰਨ ਹਰ ਸਰਗਰਮੀ 'ਤੇ ਪਾਬੰਦੀ ਸੀ। ਇਸ ਦੌਰਾਨ ਨੌਕਰੀ ਤੋਂ ਮੇਰੀ ਛੁੱਟੀ ਹੋ ਗਈ। ਇਕ ਸੱਚ ਮੈਂ ਕਦੇ ਕਿਸੇ ਨੂੰ ਦੱਸਿਆ ਨਹੀਂ ਕਿ ਉਸ ਵੇਲੇ ਮੇਰੇ ਕੋਲ ਇਕ ਵੀ ਪੈਸਾ ਨਹੀਂ ਸੀ ਤੇ ਓਧਰ ਸਾਰੀਆਂ ਸਰਗਰਮੀਆਂ 'ਤੇ ਪਾਬੰਦੀ ਲੱਗੀ ਹੋਈ ਸੀ।"

ਅਜਿਹੇ ਅਨੁਭਵਾਂ ਤੋਂ ਉਨ੍ਹਾਂ ਸਿੱਖਿਆ ਕਿ ਬਾਹਰੀ ਜਾਂ ਜ਼ਾਹਰਾ ਤੌਰ 'ਤੇ ਤਾਂ ਧਾਰਮਿਕ ਨਾਟਕ ਖੇਡੇ ਜਾਣ ਪਰ ਸੰਦੇਸ਼ ਉਨ੍ਹਾਂ ਰਾਹੀਂ 'ਆਪਣਾ' ਦਿੱਤਾ ਜਾਵੇ। ਗੁਰੂ ਤੇਗ਼ ਬਹਾਦਰ ਜੀ ਦੀ ਤੀਜੀ ਸ਼ਤਾਬਦੀ 'ਤੇ ਉਨ੍ਹਾਂ ਨੇ ਨਾਟਕ ਖੇਡਿਆ 'ਨਿਓਟਿਆਂ ਦੀ ਓਟ'। ਉਦੋਂ ਧਾਰਮਿਕ ਨਾਟਕਾਂ 'ਤੇ ਪਾਬੰਦੀ ਨਹੀਂ ਸੀ ਤੇ ਉਨ੍ਹਾਂ ਨੇ ਟੇਢੇ ਢੰਗ ਨਾਲ ਇਨ੍ਹਾਂ ਰਾਹੀਂ ਆਪਣੀ ਗੱਲ ਕਹਿਣ ਦੀ ਜਾਚ ਸਿੱਖ ਲਈ। ਇਹੋ ਜਿਹੇ ਨਾਟਕਾਂ ਵਿਚ ਸ਼ਾਮਲ ਸਨ

'ਸਾਹਿਬਜ਼ਾਦਿਆਂ ਦੀ ਸ਼ਹੀਦੀ', 'ਇਨਕਲਾਬ ਜ਼ਿੰਦਾਬਾਦ' ਆਦਿ।

1976 ਵਿਚ ਵਾਪਰੀ ਇਕ ਘਟਨਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਸਮੇਂ ਦੌਰਾਨ ਜੰਮੂ ਯੂਨੀਵਸਸਿਟੀ ਵਾਲਿਆਂ ਨੇ ਉਨ੍ਹਾਂ ਨੂੰ ਨਾਟਕ ਖੇਡਣ ਲਈ ਬੁਲਾਇਆ। 19 ਸਤੰਬਰ ਨੂੰ ਜਦੋਂ ਉਨ੍ਹਾਂ ਇਹ ਨਾਟਕ ਖੇਡਿਆ ਤਾਂ ਦਰਸ਼ਕਾਂ ਵਿਚ ਗਿਆਨੀ ਜ਼ੈਲ ਸਿੰਘ ਅਤੇ ਜੰਮੂ-ਕਸ਼ਮੀਰ ਦੇ ਮੁੱਖ-ਮੰਤਰੀ ਸ਼ੇਖ ਅਬਦੁੱਲਾ ਵੀ ਬੈਠੇ ਸਨ। ਗਿਆਨੀ ਜੀ ਦੇ ਨਾਲ ਉਨ੍ਹਾਂ ਦਾ ਸਾਰਾ ਅਮਲਾ-ਫੈਲਾ ਵੀ ਆਇਆ ਹੋਇਆ ਸੀ। ਉਨ੍ਹਾਂ ਨੇ ਇਹ ਗੱਲ ਸਮਝ ਲਈ ਕਿ ਕਰਦਾ ਤਾਂ ਇਹ ਨਾਟਕ ਹੈ ਪਰ ਹਮਲਾ ਐਮਰਜੈਂਸੀ 'ਤੇ ਕਰਦਾ ਹੈ। ਸਰਹੰਦ ਦੀ ਇਕ ਘਟਨਾ ਪੇਸ਼ ਕਰਦਿਆਂ ਉਹ ਨਾਟਕ ਵਿਚ ਕਹਿੰਦੇ ਸਨ— ਕਿ ਜਦੋਂ ਬੱਚੇ ਨੀਂਹਾਂ ਵਿਚ ਚਿਣੇ ਜਾ ਰਹੇ ਸਨ ਤਾਂ ਸਰਹੰਦ ਦੇ ਲੋਕ ਕਿੱਥੇ ਸਨ? ਤਮਾਸ਼ਾਈ ਬਣ ਕੇ ਉਨ੍ਹਾਂ ਨੇ ਸਭ ਕੁਝ ਵੇਖਿਆ ਤੇ ਉਨ੍ਹਾਂ ਨੂੰ ਇਹਦੀ ਵੱਡੀ ਕੀਮਤ ਚੁਕਾਉਣੀ ਪਈ। ਬੰਦੇ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾਈ ਤੇ ਅੱਜ ਵੀ ਬੰਦੇ ਬਹਾਦਰ ਜਿਊਂਦੇ ਨੇ। ਅੱਜ ਦੇ ਵਜੀਦਿਆਂ (ਵਜੀਦ ਖ਼ਾਨ, ਸਰਹੰਦ ਦਾ ਹਾਕਮ) ਨੂੰ ਉਹ ਪਛਾਣਦੇ ਨੇ। ਤੇ ਉਨ੍ਹਾਂ ਨੂੰ ਇਕਦਮ ਖੁੜਕ ਗਈ ਕਿ ਇਹ ਸਿੱਧਾ ਐਮਰਜੈਂਸੀ 'ਤੇ ਹਮਲਾ ਹੈ। ਜਦੋਂ ਉਹ ਅੰਮ੍ਰਿਤਸਰ ਪਹੁੰਚੇ ਤਾਂ ਵਰੰਟ ਜਾਰੀ ਹੋ ਗਏ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਹ ਤਾਂ ਅਵਾਮ ਪ੍ਰਤੀ ਅਟੁੱਟ ਧਾਰਨਾ ਵਿਚ ਬੱਝੇ ਹੋਏ ਸਨ। ਸਰਕਾਰ ਨੂੰ ਉਹ ਆਪਣੀ ਕਲਾ ਰਾਹੀਂ ਵੰਗਾਰਦੇ ਸਨ ਤੇ ਲੋਕਾਂ ਨੂੰ ਰਣਤੱਤੇ ਵਿਚ ਜੂਝਣ ਲਈ ਜਿਥੇ ਸੱਦਾ ਦੇਂਦੇ ਸਨ, ਓਥੇ ਆਪ ਵੀ ਕੁਰਬਾਨੀ ਕਰਨ ਤੋਂ ਪਿੱਛੇ ਨਹੀਂ ਸਨ ਹਟਦੇ।

ਜਦੋਂ ਉਨ੍ਹਾਂ ਆਪਣਾ ਰੁਖ਼ ਪਿੰਡਾਂ ਵੱਲ ਕਰ ਲਿਆ ਤਾਂ ਉਨ੍ਹਾਂ ਸਟੇਜ ਦੇ ਬੰਧਨਾਂ ਅਤੇ ਸਿਧਾਂਤਕ ਪਰਿਪੇਖਾਂ ਨੂੰ ਤਿਆਗ ਦਿੱਤਾ। ਜਿਥੇ ਪਹਿਲਾਂ ਇਹ ਧਾਰਨਾ ਬਲਵਾਨ ਸੀ ਕਿ ਨਾਟਕ ਤਾਂ ਹੈ ਹੀ ਇਲੀਟ ਲੋਕਾਂ ਦਾ ਅਤੇ ਇਹਦੇ ਸਾਧਨ, ਮੰਚ-ਸੱਜਾਅ, ਖਰਚੇ ਵੀ ਉਹੋ ਜਿਹੇ ਹੋਣੇ ਚਾਹੀਦੇ ਹਨ ਪਰ ਭਾਅ ਜੀ ਦਾ ਸਪਸ਼ਟ ਮੱਤ ਸੀ ਕਿ ਉਨ੍ਹਾਂ ਦਾ ਥੀਏਟਰ ਇਲੀਟ ਦਾ ਨਹੀਂ ਅਵਾਮ ਦਾ ਹੈ। ਕਿਤੇ ਥੜ੍ਹਾ ਮਿਲ ਗਿਆ, ਉਹੋ ਸਹੀ। ਰੌਸ਼ਨੀ ਦਾ ਕੋਈ ਖਾਸ ਪ੍ਰਬੰਧ ਨਹੀਂ ਤਾਂ ਨਾ ਸਹੀ। ਪਰ ਲੋਕ ਉਨ੍ਹਾਂ ਦੇ ਨਾਟਕ ਬੜੇ ਗੌਰ ਨਾਲ ਦੇਖਦੇ ਤੇ ਰੁਚੀ ਨਾਲ ਸੁਣਦੇ, ਸ਼ਲਾਘਾ ਵੀ ਕਰਦੇ ਤੇ ਜਾਂਦੇ ਹੋਏ ਮੱਥਿਆਂ ਵਿਚ ਜਗੇ ਨਵੇਂ ਚਾਨਣ ਨੂੰ ਸੰਭਾਲ ਕੇ ਲੈ ਜਾਂਦੇ। ਇਸੇ ਕਰਕੇ ਭਾਅ ਜੀ ਨੇ ਮਿੱਥ ਲਿਆ ਕਿ ਜੇ ਕਿਤੇ ਚੰਗੇ ਸਾਧਨ ਮਿਲ ਜਾਣ ਤਾਂ ਠੀਕ ਹੈ ਨਹੀਂ ਤਾਂ ਇਹਦਾ ਮਤਲਬ ਇਹ ਨਹੀਂ ਕਿ ਨਾਟਕ ਖੇਡਣੇ ਬੰਦ ਕਰ ਦਿੱਤੇ ਜਾਣ। ਤੁਹਾਡੇ ਕੋਲ ਕਹਿਣ ਲਈ ਜਿਹੜੀ ਗੱਲ ਹੈ ਉਹ ਕਿਸੇ ਨਾ ਕਿਸੇ ਤਰੀਕੇ ਕਹਿਣ ਵਿਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ। ਉਨ੍ਹਾਂ ਦਿਨਾਂ ਵਿਚ ਉਨ੍ਹਾਂ ਨੇ ਇਕ ਨਾਟਕ ਦੀਆਂ ਕਈ-ਕਈ ਪੇਸ਼ਕਾਰੀਆਂ ਕੀਤੀਆਂ। ਉਨ੍ਹਾਂ ਕਦੇ ਵੀ ਪ੍ਰਬੰਧਕਾਂ ਨੂੰ ਰੌਸ਼ਨੀਆਂ ਜਾਂ ਚੀਜ਼ਾਂ-ਵਸਤਾਂ ਲਈ ਫ਼ਰਮਾਇਸ਼ ਨਹੀਂ ਸੀ ਕੀਤੀ। ਉਨ੍ਹਾਂ ਦਾ ਮੱਤ ਸੀ ਕਿ ਜਨਤਕ ਥੀਏਟਰ ਦੀਆਂ ਲੋੜਾਂ, ਜੜਤ ਤੇ ਸੀਮਾਵਾਂ ਵੱਖਰੀਆਂ ਹਨ। ਉਹ ਇਨ੍ਹਾਂ ਦਾ ਮੁਕਾਬਲਾ ਦੂਜੇ ਥੀਏਟਰ ਨਾਲ ਕਿਉਂ ਕਰਨ? ਉਨ੍ਹਾਂ ਦੀ ਪ੍ਰਤੀਬੱਧਤਾ ਤਾਂ ਲੋਕਾਂ ਨਾਲ ਹੈ। ਮੈਨੂੰ ਯਾਦ ਹੈ ਕਿ ਜਦੋਂ ਮੁਢਲੇ ਦੌਰ ਵਿਚ ਥੀਏਟਰ ਕਰਦੇ ਸਨ ਤਾਂ ਉਨ੍ਹਾਂ ਦੇ ਘਰ ਦੀਆਂ ਸਾਰੀਆਂ ਵਸਤਾਂ ਰੰਗਕਰਮੀ ਥੀਏਟਰ ਲਈ ਲੈ ਜਾਂਦੇ ਸਨ- ਮੰਜੇ, ਬਿਸਤਰੇ, ਭਾਂਡੇ ਤੇ ਇਥੋਂ ਤੱਕ ਕਿ

ਬਲਬ ਵੀ। ਇਹੀ ਕਾਰਨ ਹੈ ਕਿ ਲੋਕ-ਥੀਏਟਰ ਦੇ ਪਿੜ ਵਿਚ ਉਨ੍ਹਾਂ ਨੇ ਜਿਹੜੀ ਪਿਰਤ ਪਾਈ ਅੱਜ ਉਹ ਪਰੰਪਰਾ ਬਣ ਗਈ ਹੈ ਤੇ ਪਿੰਡਾਂ ਵਿਚ ਛੋਟੇ-ਛੋਟੇ ਗਰੁੱਪ, ਨਾਟਕ-ਮੰਡਲੀਆਂ ਲਗਾਤਾਰ ਗਤੀਸ਼ੀਲ ਹਨ।

ਪਿੰਡਾਂ ਬਾਰੇ ਆਪਣੇ ਪੁਖ਼ਤਾ ਅਨੁਭਵ ਸਾਂਝੇ ਕਰਦਿਆਂ ਉਨ੍ਹਾਂ ਇਕ ਵਾਰ ਕਿਹਾ ਸੀ:-

"ਮੇਰਾ ਇਕੋ ਇਕ ਉਦੇਸ਼ ਹੈ ਲੋਕਾਂ ਨੂੰ ਜਾਗ੍ਰਿਤ ਕਰਨਾ। ਜਦੋਂ ਮੈਂ ਪੰਜਾਬ ਦੇ ਪਿੰਡਾਂ ਵਿਚ ਨਿਕਲਿਆ ਤਾਂ ਮੈਂ ਵੇਖਿਆ ਕਿ ਤਿੰਨ ਨਾਇਕ ਲੋਕਾਂ ਵਿਚ ਬੜੇ ਹਰਮਨ ਪਿਆਰੇ ਨੇ- ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਅਤੇ ਭਗਤ ਸਿੰਘ। ਮੈਂ ਇਨ੍ਹਾਂ ਦੇ ਕੈਲੰਡਰ ਅਤੇ ਹੋਰ ਕਾਫ਼ੀ ਕੁਝ ਹਰ ਥਾਂ ਨਾਲ ਲੈ ਜਾਂਦਾ ਹਾਂ। ਪਰ ਜਿਹੜੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ, ਇਨ੍ਹਾਂ ਨਾਇਕਾਂ ਦੀਆਂ ਕਹਾਣੀਆਂ ਰਾਹੀਂ, ਗੱਲ ਤਾਂ ਮੈਂ ਉਹੋ ਹੀ ਕਹਿਣੀ ਹੈ। ਜਦੋਂ ਮੈਂ ਗੁਰੂ ਨਾਨਕ ਦੀ ਗੱਲ ਕਰਦਾ ਹਾਂ ਤਾਂ ਮੈਂ ਕਹਿੰਦਾ ਹਾਂ ਕਿ ਮਲਕ ਭਾਗੋ ਅਤੇ ਭਾਈ ਲਾਲੋ ਵਿੱਚੋਂ ਅਸੀਂ ਸਾਥ ਭਾਈ ਲਾਲੋ ਦਾ ਦੇਣਾ ਹੈ। ਜਦੋਂ ਮੈਂ ਗੁਰੂ ਗੋਬਿੰਦ ਸਿੰਘ ਦੀ ਗੱਲ ਕਰਦਾ ਹਾਂ ਤਾਂ ਆਖਦਾ ਹਾਂ ਕਿ ਭਾਵੇਂ ਕਿੰਨੀਆਂ ਵੀ ਮੁਸੀਬਤਾਂ ਆ ਜਾਣ, ਸੰਘਰਸ਼ ਕਰਨ ਵਾਲੇ ਹਾਰਦੇ ਨਹੀਂ, ਸਗੋਂ ਅੱਗੇ ਹੀ ਅੱਗੇ ਵਧਦੇ ਜਾਂਦੇ ਨੇ। ਇਹੀ ਦੋ ਗੱਲਾਂ ਮੈਂ ਕਹਿਣੀਆਂ ਹੁੰਦੀਆਂ ਨੇ, ਇਹੀ ਕਹੀਆਂ ਨੇ। ਭਾਵੇਂ ਮੈਂ 'ਇਹ ਲਹੂ ਕਿਸਦਾ ਹੈ' ਕੀਤਾ ਹੈ ਤੇ ਭਾਵੇਂ 'ਜਿਨ ਸਚਿ ਪਲੈ ਹੋਇ'। ਮੈਂ ਕਹਿੰਦਾ ਹਾਂ ਕਿ ਜਿਹੜੇ ਲੋਕ ਮਿਹਨਤ ਕਰਦੇ ਨੇ, ਉਹੋ ਜ਼ਿੰਦਗੀ ਦੇ ਬਾਦਸ਼ਾਹ ਹੋਣੇ ਚਾਹੀਦੇ ਨੇ। **ਜਿਹੜੇ ਸੱਚ ਦੇ ਆਸ਼ਕ ਨੇ, ਉਹ ਅਪਣੀ ਕਹੀ ਹੋਈ ਹਰ ਗੱਲ ਉਤੇ ਕੁਰਬਾਨੀ ਦੇ ਦੇਂਦੇ ਨੇ। ਗੁਰੂ ਗੋਬਿੰਦ ਸਿੰਘ ਤੋਂ ਬਾਅਦ ਜਿਹੜੇ ਸਿੱਖ ਵਿਸ਼ੇ ਮੈਂ ਪੇਸ਼ ਕੀਤੇ ਨੇ ਉਹ ਧਰਮ ਦੀ ਖਾਤਰ ਸ਼ਹੀਦ ਹੋਇਆਂ ਬਾਰੇ ਨੇ। ਆਖਰ ਸਾਡੇ ਸਾਰਿਆਂ ਦਾ ਧਰਮ ਹੈ ਕਿ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕਰੀਏ।** ਸਮਾਜ ਨੂੰ ਬਦਲਣ ਦਾ ਉਨ੍ਹਾਂ ਦਾ ਟੀਚਾ ਵੀ ਇਕ 'ਧਰਮ' ਹੀ ਤਾਂ ਸੀ। ਸਾਰਾ ਕੁਝ ਸਹਿੰਦਿਆਂ ਹੋਇਆਂ ਵੀ ਉਨ੍ਹਾਂ ਨੇ ਆਪਣੀ ਗੱਲ ਕਹਿਣ ਦਾ ਹੌਂਸਲਾ ਕੀਤਾ। ਏਸੇ ਤਰ੍ਹਾਂ ਭਗਤ ਸਿੰਘ ਰਾਹੀਂ ਵੀ ਇਹੀ ਗੱਲ ਕਹੀ ਹੈ। ਭਗਤ ਸਿੰਘ ਬਾਰੇ ਨਾਟਕ 'ਮੈਂ ਨਾਸਤਿਕ ਹਾਂ' ਦਾ ਸੰਦੇਸ਼ ਵੀ ਇਹੀ ਹੈ। ਮੈਂ ਕਹਿੰਦਾ ਹਾਂ ਕਿ ਸਿੱਖੀ ਦਾ ਪ੍ਰਚਾਰ ਕਰਨ ਦਾ ਮੇਰਾ ਕੋਈ ਇਰਾਦਾ ਨਹੀਂ ਪਰ ਕੁਝ ਲੋਕ ਮੇਰੇ ਨਾਟਕਾਂ ਨੂੰ ਸਿੱਖੀ ਦਾ ਪ੍ਰਚਾਰ ਸਮਝਦੇ ਨੇ। ਜਦੋਂ ਵੀ ਮੈਂ ਕੋਈ ਇਸ ਤਰ੍ਹਾਂ ਦਾ ਨਾਟਕ ਲੈਂਦਾ ਹਾਂ ਤਾਂ ਉਸ ਵਿਚ ਕੋਈ ਅਜਿਹੀ ਵਾਰਤਾਲਾਪ ਸਿਰਜ ਲੈਂਦਾ ਹਾਂ ਕਿ ਅਜਿਹਾ ਪ੍ਰਭਾਵ ਮਨਫ਼ੀ ਹੋ ਜਾਂਦਾ ਹੈ।"

ਭਾਅ ਜੀ ਮਿਸ਼ਨਰੀ ਸਨ। ਉਹ ਇਕ ਮਿਸ਼ਨ ਨੂੰ ਲੈ ਕੇ ਚੱਲੇ ਸਨ, ਜਿਸ ਲਈ ਉਨ੍ਹਾਂ ਅੱਧੀ ਸਦੀ ਲਾ ਦਿੱਤੀ। ਇਸ ਬਾਰੇ ਉਹ ਕਹਿੰਦੇ ਸਨ ਕਿ ਭਾਈ ਵੀਰ ਸਿੰਘ ਦਾ ਮਿਸ਼ਨ ਸੀ ਸਿੱਖ ਕੁਰੀਤੀਆਂ ਨੂੰ ਨੰਗਾ ਕਰਨਾ, ਮੇਰਾ ਮਿਸ਼ਨ ਹੈ ਅੱਜ ਦੇ ਸਮਾਜ ਦੀਆਂ ਕੁਰੀਤੀਆਂ ਨੂੰ ਨੰਗਾ ਕਰਨਾ। ਉਹ ਵੀ ਮਿਸ਼ਨ ਲੈ ਕੇ ਨਿਕਲੇ ਸਨ, ਅਸੀਂ ਵੀ ਮਿਸ਼ਨ ਲੈ ਕੇ ਨਿਕਲੇ ਹਾਂ। ਜਦੋਂ ਕੋਈ ਬੰਦਾ ਮਿਸ਼ਨ ਲੈ ਕੇ ਨਿਕਲਦਾ ਹੈ ਤਾਂ ਉਹ ਆਪਣੇ ਰੂਪ ਵੀ ਆਪ ਹੀ ਘੜਦਾ ਹੈ। ਗੁਰੂ ਨਾਨਕ ਦਾ ਸਾਰਾ ਕਾਵਿ 'ਮਿਸ਼ਨ ਦਾ ਕਾਵਿ' ਹੈ। ਉਹ ਘਰੋਂ ਨਿਕਲੇ ਸਨ

ਲੋਕਾਂ ਨੂੰ ਸੁਚੇਤ ਕਰਨ ਵਾਸਤੇ। ਉਨ੍ਹਾਂ ਨੇ ਕਈ ਵਾਰ ਕਾਵਿ ਦੇ ਰਵਾਇਤੀ ਰੂਪ ਨਹੀਂ ਵਰਤੇ ਸਗੋਂ ਲੋਕ ਕਾਵਿ-ਰੂਪਾਂ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਨੇ ਆਪਣੇ ਰੂਪ ਵਿਕਸਿਤ ਕੀਤੇ ਹਨ- ਪਹਿਲੀਆਂ ਪੰਜ ਸਤਰਾਂ ਵਿਚ ਸੁਆਲ ਪੁੱਛੋ, ਛੇਵੀਂ ਵਿਚ ਜੁਆਬ ਦਿਓ। ਏਸੇ ਤਰ੍ਹਾਂ ਸਾਡੇ ਮਿਸ਼ਨ ਨੇ ਸਾਡੇ ਕੋਲੋਂ ਥੀਏਟਰ ਦੇ ਆਪਣੇ ਰੂਪ ਘੜਵਾਏ। ਅਸਾਂ ਪੈਗ਼ਾਮ ਨੂੰ ਸਾਹਮਣੇ ਰੱਖ ਕੇ ਆਪਣੇ ਰੂਪ ਘੜੇ ਤੇ ਸਫਲਤਾ ਵੀ ਪ੍ਰਾਪਤ ਕੀਤੀ।

ਬੰਬਈ ਦੇ ਸਭ ਤੋਂ ਵੱਡੇ ਹਾਲ ਸਨਮੁਖਾਨੰਦ ਵਿਚ ਆਪਣੇ ਖੇਡੇ ਨਾਟਕ 'ਚਾਂਦਨੀ ਚੌਂਕ ਤੋਂ ਸਰਹੰਦ ਤੱਕ' ਬਾਰੇ ਉਨ੍ਹਾਂ ਨੂੰ ਬੜਾ ਵੱਖਰੇ ਕਿਸਮ ਦਾ ਅਨੁਭਵ ਪ੍ਰਾਪਤ ਹੋਇਆ। ਇਸ ਹਾਲ ਵਿਚ ਵੱਡੇ-ਵੱਡੇ ਨਾਟਕਾਂ ਅਤੇ ਨਿਰਦੇਸ਼ਕਾਂ ਦੇ ਨਾਟਕ ਇਲੀਟ ਜਮਾਤ ਲਈ ਵਧੇਰੇ ਖੇਡੇ ਜਾਂਦੇ ਸਨ। ਇਸ ਹਾਲ ਵਿਚ ਰੌਸ਼ਨੀਆਂ, ਪਰਦਿਆਂ, ਮਿਊਜ਼ਕ ਤੇ ਹੋਰ ਸਾਰੇ ਸਾਧਨਾਂ ਦਾ ਢੁਕਵਾਂ ਪ੍ਰਬੰਧ ਸੀ। ਇਸ ਬਾਰੇ ਭਾਅ ਜੀ ਨੇ ਦੱਸਿਆ ਕਿ ਉਨ੍ਹਾਂ ਦੇ ਨਾਟਕ ਨੂੰ ਦੇਖਣ ਲਈ ਪ੍ਰਸਿੱਧ ਫਿਲਮੀ ਹੀਰੋ ਦਲੀਪ ਕੁਮਾਰ ਵੀ ਆਇਆ ਹੋਇਆ ਸੀ ਤੇ ਜਦੋਂ ਉਨ੍ਹਾਂ ਨੇ ਆਪਣਾ ਨਾਟਕ ਸਾਫ਼ ਕਾਲੇ ਪਰਦੇ ਦੇ ਸਾਹਮਣੇ ਸ਼ੁਰੂ ਕੀਤਾ ਤਾਂ ਅੱਗੋਂ-ਪਿੱਛੋਂ ਇਹੋ ਜਿਹੀਆਂ ਆਵਾਜ਼ਾਂ ਆਈਆਂ ਜਿਵੇਂ ਕਿਸੇ ਦਾ ਮਖੌਲ ਉਡਾਇਆ ਜਾ ਰਿਹਾ ਹੋਵੇ ਤਾਂ ਮੈਂ ਬੋਲਣਾ ਸ਼ੁਰੂ ਕੀਤਾ— 'ਮੈਨੂੰ ਇਤਿਹਾਸ ਕਹਿੰਦੇ ਨੇ। ਮੈਂ ਹਰ ਯੁੱਗ ਵਿਚ ਹਾਜ਼ਰ ਰਿਹਾ ਹਾਂ।' ਤੇ ਮੈਂ ਆਪਣੀ ਆਵਾਜ਼ ਨੂੰ ਇਕ ਮਿੰਟ ਵਿਚ ਪੂਰਾ ਫੈਲਾਇਆ। ਜਦੋਂ ਮੈਂ ਨਾਟਕ ਕਰਕੇ ਹਟਿਆ ਤਾਂ ਦਲੀਪ ਕੁਮਾਰ ਸਟੇਜ 'ਤੇ ਆਇਆ, ਥੋੜ੍ਹੀ ਜਿਹੀ ਪੀਤੀ ਹੁੰਦੀ ਹੈ ਇਨ੍ਹਾਂ ਲੋਕਾਂ ਨੇ, ਕੁਝ ਭਾਵੁਕ ਵੀ ਸੀ। ਕਹਿਣ ਲੱਗਿਆ, 'ਸਰਦਾਰ ਸਾਹਿਬ! ਸੁਨਾ ਕਰਤੇ ਥੇ ਕਿ ਸ਼ੈਕਸਪੀਅਰ ਕੇ ਜ਼ਮਾਨੇ ਮੇਂ ਲੋਗ ਬਿਲਕੁਲ ਬਲੈਕ ਕਰਟਿਨ ਕੇ ਆਗੇ ਆ ਕਰ ਨਾਟਕ ਕੀਆ ਕਰਤੇ ਥੇ ਔਰ ਘੰਟਾ ਭਰ ਲੋਗੋਂ ਕੋ ਸਪੈਲ ਬਾਊਂਡ ਰਖਤੇ ਥੇ। ਆਜ ਇਸ ਹਾਲ ਮੇਂ ਹਮਨੇ ਫਿਰ ਦੇਖਾ। ਹਮ ਆਪ ਕੇ ਆਗੇ ਸਰ ਝੁਕਾਤੇ ਹੈਂ। ਆਪ ਬ੍ਹੁਤ ਬੜੇ ਕਲਾਕਾਰ ਹੈਂ।' ਇਹ ਸੀ ਉਨ੍ਹਾਂ ਦੀ ਕਲਾ ਤੇ ਨਾਟਕਾਂ ਦੀ ਪੇਸ਼ਕਾਰੀ ਦਾ ਪ੍ਰਭਾਵ ਜੋ ਸਰੋਤਿਆਂ ਨੂੰ ਕੀਲ ਲੈਂਦਾ ਸੀ। ਉਨ੍ਹਾਂ ਦੇਸ਼-ਵਿਦੇਸ਼ ਵਿਚ ਜਿੰਨੇ ਵੀ ਨਾਟਕ ਖੇਡੇ ਅਤੇ ਲੋਕਾਂ ਦਾ ਇਕ ਵੱਡਾ ਕਾਫ਼ਲਾ ਤਿਆਰ ਕੀਤਾ—ਇਹ ਬੇਮਿਸਾਲ ਪ੍ਰਾਪਤੀ ਹੈ।

ਭਾਅ ਜੀ ਨੇ ਫਿਲਮੀ ਖੇਤਰ ਵਿਚ ਵੀ ਕੁਝ ਕੰਮ ਕੀਤਾ ਪਰ ਬਾਅਦ ਵਿਚ ਇਹਦਾ ਤਿਆਗ ਕਰ ਦਿੱਤਾ। ਇਸ ਬਾਰੇ ਉਨ੍ਹਾਂ ਦੱਸਿਆ—

> "ਫਿਲਮ ਵਿਚ ਕੰਮ ਕਰਨਾ ਕਿਸੇ ਵੇਲੇ ਤੁਹਾਨੂੰ ਬੜੀ ਭਾਵੁਕ ਸੰਤੁਸ਼ਟੀ ਦਿੰਦਾ ਹੈ। ਮੇਰਾ 'ਮਨਿ ਜੀਤੈ ਜਗੁ ਜੀਤੁ' ਵਿਚ ਕੰਮ ਕਰਨ ਦਾ ਅਸਲ ਕਾਰਨ ਇਹ ਸੀ ਕਿ ਮੇਰੀ ਬਲਰਾਜ ਸਾਹਨੀ ਜੀ ਨਾਲ ਬੜੀ ਲੰਮੀ ਦੋਸਤੀ ਸੀ। ਉਨ੍ਹਾਂ ਦੀ ਬੜੀ ਇੱਛਾ ਸੀ ਕਿ ਚੰਗੀ ਫਿਲਮ ਬਣੇ। ਮੈਂ ਵੀ ਚਾਹੁੰਦਾ ਸਾਂ ਕਿ ਚੰਗੀਆਂ ਪੰਜਾਬੀ ਫਿਲਮਾਂ ਬਣਨ। ਅਸੀਂ ਇਕ ਇਕੱਠਾ ਪ੍ਰਾਜੈਕਟ ਬਣਾਇਆ ਤੇ ਉਸ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਬਲਰਾਜ ਸਾਹਨੀ ਨੇ ਮੈਨੂੰ ਕਿਹਾ ਕਿ ਇਹ ਖੇਤਰ ਥੋੜ੍ਹਾ ਜਿਹਾ ਵੱਖਰਾ ਹੈ, ਮੇਰਾ ਇਕ ਦੋਸਤ ਕ੍ਰਿਸ਼ਨ ਸਿਰਸ਼ਾਰ ਫਿਲਮ ਬਣਾਉਣ ਲੱਗਿਆ ਹੈ, ਜੇ ਉਹ ਕਹੇ ਤਾਂ ਤੂੰ ਜ਼ਰੂਰ ਕੰਮ ਕਰ ਲਵੀਂ। ਸੋ ਮੈਂ ਕੀਤਾ। ਮੈਂ ਹਾਲੀ ਉਨ੍ਹਾਂ ਨਾਲ ਇਕਰਾਰ ਹੀ ਕੀਤਾ ਸੀ ਕਿ ਬਲਰਾਜ ਜੀ ਦੀ ਮੌਤ ਹੋ ਗਈ। ਮੈਂ ਇਹ ਕੰਮ ਬਹੁਤੀ ਖੁਸ਼ੀ ਜਾਂ

ਚਾਅ ਨਾਲ ਨਹੀਂ ਸੀ ਕੀਤਾ। ਇਹ ਤਜ਼ਰਬੇ ਵੱਖਰੇ ਨੇ— ਕੰਮ ਥੋੜ੍ਹਾ ਪਰ ਸਮਾਂ ਜ਼ਿਆਦਾ।

ਭਾਅ ਜੀ ਦਾ ਕੀਤਾ ਇਕ ਹੋਰ ਕੰਮ ਬੜਾ ਵਿਲੱਖਣ ਅਤੇ ਯਾਦਗਾਰੀ ਹੈ। ਜਦੋਂ 1980 ਵਿਚ ਬਲਰਾਜ ਸਾਹਨੀ ਹੋਰਾਂ ਨੂੰ ਭਾਸ਼ਾ ਵਿਭਾਗ ਵੱਲੋਂ 5100 ਰੁਪਏ ਦਾ ਸਨਮਾਨ ਮਿਲਿਆ ਤਾਂ ਉਨ੍ਹਾਂ ਇਹ ਪੈਸਾ ਭਾਅ ਜੀ ਨੂੰ ਫੜਾ ਦਿੱਤਾ। ਬਦਕਿਸਮਤੀ ਨਾਲ ਉਨ੍ਹਾਂ ਦੀ ਜਲਦੀ ਮੌਤ ਹੋ ਗਈ। ਸਾਹਨੀ ਹੋਰਾਂ ਦੀ ਮੌਤ ਤੋਂ ਬਾਅਦ ਭਾਅ ਜੀ ਨੇ 2000 ਰੁਪਿਆ ਉਨ੍ਹਾਂ ਦੇ ਪ੍ਰੀਤਨਗਰ ਵਾਲੇ ਮਕਾਨ ਦੀ ਮੁਰੰਮਤ 'ਤੇ ਖਰਚ ਕਰ ਦਿੱਤਾ ਤੇ ਬਚਦੇ ਪੈਸਿਆਂ ਨਾਲ ਪਾਸ਼ ਦੀ 'ਲੋਹ ਕਥਾ' ਤੇ ਸੰਤ ਸੰਧੂ ਦੀ 'ਸੀਸ ਤਲੀ 'ਤੇ' ਦੋ ਪੁਸਤਕਾਂ ਪ੍ਰਕਾਸ਼ਤ ਕਰ ਦਿੱਤੀਆਂ। ਇਨ੍ਹਾਂ ਦੀ ਵਿਕਰੀ ਨੂੰ ਚੰਗਾ ਹੁੰਗਾਰਾ ਮਿਲਿਆ ਤੇ ਉਨ੍ਹਾਂ 'ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ' ਨਾਂ ਦੀ ਸੰਸਥਾ ਬਣਾ ਦਿੱਤੀ ਜਿਸ ਨੇ ਹੁਣ ਤੱਕ ਬਹੁਤ ਚੰਗੀਆਂ ਪੁਸਤਕਾਂ, ਵਾਜਬ ਮੁੱਲ 'ਤੇ ਪਾਠਕਾਂ ਨੂੰ ਦਿੱਤੀਆਂ ਹਨ। ਹਰ ਨਾਟਕ ਖੇਡਣ ਵੇਲੇ ਪੁਸਤਕਾਂ ਦਾ ਸਟਾਲ ਸਜ ਜਾਂਦਾ ਤੇ ਪੁਸਤਕਾਂ ਹੱਥੋ-ਹੱਥ ਵਿਕ ਜਾਂਦੀਆਂ। ਇਹ ਵੀ ਭਾਅ ਜੀ ਦਾ ਮਿਸ਼ਨ ਹੀ ਸੀ ਕਿ ਲੋਕ ਚੰਗੀਆਂ ਪੁਸਤਕਾਂ ਘੱਟ ਕੀਮਤ 'ਤੇ ਲਗਾਤਾਰ ਪੜ੍ਹਨ ਤਾਂ ਜੋ ਲੋਕ-ਲਹਿਰ ਹੋਰ ਪ੍ਰਚੰਡ ਹੋਵੇ। ਇਸ ਤੋਂ ਇਲਾਵਾ ਉਨ੍ਹਾਂ ਨੇ 'ਸਰਦਲ' ਤੇ 'ਸਮਤਾ' ਨਾਂ ਦੇ ਦੋ ਪਰਚਿਆਂ ਦੀ ਸੰਪਾਦਨਾ ਦਾ ਕੰਮ ਵੀ ਕੀਤਾ। ਉਨ੍ਹਾਂ ਦੀ ਸੰਪਾਦਨਾ ਹੇਠ ਨਿਕਲੇ ਅੰਕ ਬੜੇ ਯਾਦਗਾਰੀ ਹਨ। ਇਨ੍ਹਾਂ ਬਾਰੇ ਉਨ੍ਹਾਂ ਦਾ ਵਿਚਾਰ ਸੀ ਕਿ ਜਨਤਾ ਨਾਲ ਮੇਰੀ ਕੁਮਿਟਮੈਂਟ ਹੈ ਕਿ ਸਾਂਝਾ ਸਭਿਆਚਾਰਕ ਫੋਰਮ ਹੋਵੇ ਤਾਂ ਹੀ ਅਸੀਂ ਸਮਾਜ ਨੂੰ ਬਦਲ ਸਕਾਂਗੇ। ਇਸ ਲਈ ਜ਼ਰੂਰੀ ਹੈ ਕਿ ਵਿਚਾਰਧਾਰਕ ਪਰਚੇ ਲੋਕਾਂ ਵਿਚ ਪਹੁੰਚਣ।

ਅਜਿਹੇ ਲੋਕ-ਨਾਇਕ ਨਾਲ ਜੁੜੀਆਂ ਯਾਦਾਂ ਤੇ ਕੀਤੇ ਕੰਮਾਂ ਦਾ ਕੋਈ ਅੰਤ ਨਹੀਂ। ਉਨ੍ਹਾਂ ਦਾ ਦੁਖਦਾਈ ਚਲਾਣਾ ਲੋਕ-ਲਹਿਰ ਲਈ ਵੱਡਾ ਘਾਟਾ ਹੈ। ਪਰ ਅਗਾਂਹਵਧੂ ਧਿਰਾਂ ਨਾਲ ਜੁੜ ਕੇ ਉਨ੍ਹਾਂ ਨੇ ਜੋ ਕਾਫ਼ਲਾ ਬਣਾਇਆ ਹੈ, ਉਨ੍ਹਾਂ ਧਿਰਾਂ ਦੀ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਭਾਅ ਜੀ ਵਰਗੇ ਲੋਹ-ਪੁਰਸ਼ ਦੁਆਰਾ ਪਾਏ ਪੂਰਨਿਆਂ ਅਤੇ ਉਨ੍ਹਾਂ ਦੇ ਕੀਤੇ ਕੰਮਾਂ ਦੀ ਲਹਿਰ ਨੂੰ ਇਕ ਜਗਦੀ ਮਸ਼ਾਲ ਵਾਂਗ ਅੱਗੇ ਲੈ ਜਾਈਏ। ਇਹੀ ਉਸ ਇਨਕਲਾਬੀ ਲੋਕ-ਨਾਇਕ ਲਈ ਸਭ ਤੋਂ ਵੱਡੀ ਖੈਰਾਜੇ-ਅਕੀਦਤ ਹੋਵੇਗੀ।

94173-58120